# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ

**(ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ)**

## ਪਬਲਿਕ ਨੋਟਿਸ

**(250 ਅਸਾਮੀਆਂ ਵਿਰੁੱਧ ਸਿਲੈਕਟ ਹੋਏ ਕਲਰਕ (ਖੇਤਰੀ ਦਫਤਰ) ਨੂੰ ਸਟੇਸ਼ਨ ਚੋਣ ਕਰਵਾਉਣ ਸਬੰਧੀ)**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਕਲਰਕ (ਖੇਤਰੀ ਦਫਤਰ) ਦੀਆਂ 250 ਅਸਾਮੀਆਂ ਭਰਨ ਸਬੰਧੀ ਇਸ਼ਤਿਹਾਰ ਨੰ. 15/2022 ਰਾਹੀਂ ਇਸ਼ਤਿਹਾਰ ਦਿੱਤਾ ਗਿਆ ਸੀ। ਇਹਨਾਂ ਅਸਾਮੀਆਂ ਵਿਰੁੱਧ ਯੋਗ ਉਮੀਦਵਾਰਾਂ ਦੀਆਂ ਸਿਫਾਰਸ਼ਾਂ ਇਸ ਦਫਤਰ ਨੂੰ ਪ੍ਰਾਪਤ ਹੋਈਆਂ ਸਨ। ਇਹਨਾਂ ਯੋਗ ਉਮੀਦਵਾਰਾਂ ਦੀ ਸੂਚੀ ਮਿਤੀ 31.01.2024 ਰਾਹੀਂ ਵਿਭਾਗ ਦੀ ਵੈਬਸਾਈਟ **http://www.ssapunjab.org/** ਤੇ ਅਪਲੋਡ ਕਰਦੇ ਹੋਏ ਮਿਤੀ 01.02.2024 ਰਾਹੀਂ ਨਿਯੁਕਤੀ ਪੱਤਰ / ਪੇਸਕਸ਼ ਪੱਤਰ ਦਿੱਤੇ ਜਾ ਚੁੱਕੇ ਹਨ।

2.0 **ਇਹਨਾਂ ਉਮੀਦਵਾਰਾਂ ਨੂੰ ਵਿਭਾਗ ਵੱਲੋਂ ਮਿਤੀ 06.02.2024 ਨੂੰ ਸਵੇਰੇ 10 ਵਜੇ, ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਫੇਜ਼-8, ਐਸ.ਏ.ਐਸ. ਨਗਰ, (ਆਡੀਟੋਰੀਅਮ, ਪੀ.ਐਸ.ਈ.ਬੀ. ਕੰਪਲੈਕਸ) ਵਿਖੇ ਕਲਰਕ ਦੀ ਆਸਾਮੀ ਲਈ ਸਟੇਸ਼ਨ ਚੋਣ ਕਰਵਾਈ ਜਾਣੀ ਹੈ।** ਇਹ ਉਮੀਦਵਾਰ ਆਪਣੇ ਨਾਲ ਉਸਨੂੰ ਜਾਰੀ ਕੀਤਾ ਗਿਆ ਨਿਯੁਕਤੀ ਪੱਤਰ/ ਪੇਸ਼ਕਸ਼ ਪੱਤਰ, ਕਲਰਕ ਦੀ ਆਸਾਮੀ ਲਈ ਅਪਲਾਈ ਕਰਨ ਦਾ ਸਬੂਤ (ਐਪਲੀਕੇਸ਼ਨ ਫਾਰਮ) (ਸਵੈ ਤਸਦੀਕ ਫੋਟੋ ਕਾਪੀ) ਅਤੇ ਆਪਣਾ ਪਹਿਚਾਣ ਪੱਤਰ (ਅਸਲ ਅਤੇ ਸਵੈ ਤਸਦੀਕ ਫੋਟੋ ਕਾਪੀ) ਨਾਲ ਲੈ ਕੇ ਆਉਣਗੇ।

3.0 ਇਹਨਾਂ ਯੋਗ ਉਮੀਦਵਾਰਾਂ ਵਿੱਚੋਂ ਸਟੇਸ਼ਨ ਚੋਣ ਕਰਨ ਲਈ ਹੇਠ ਲਿਖੀਆਂ ਕੈਟਾਗਿਰੀਆਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ:-

1. ਵਿਧਵਾ ਕੇਸ।
2. ਅੰਗਹੀਣ (ਜੋ 40 ਪ੍ਰਤੀਸ਼ਤ ਤੋਂ ਵੱਧ ਅੰਗਹੀਣ ਹੋਣ)।
3. ਕੈਂਸਰ ਦੇ ਮਰੀਜ਼, ਖਰਾਬ ਕਿਡਨੀ ਦੇ ਮਰੀਜ (ਖੁਦ ਜੋ ਡਾਇਲਸਿਸ ਤੇ ਹੋਣ)।
4. ਜਿਨ੍ਹਾਂ ਦੇ ਬੱਚੇ 60 ਪ੍ਰਤੀਸ਼ਤ ਤੋਂ ਵੱਧ ਡਿਸਏਬਲਡ ਹੋਣ, ਕੈਂਸਰ ਅਤੇ ਖਰਾਬ ਕਿਡਨੀ (ਡਾਇਲਸਿਸ ਤੇ ਹੋਣ) ਤੋਂ ਪੀੜਿਤ ਹੋਣ।

4.0 ਜੋ ਉਮੀਦਵਾਰ ਉਪਰੋਕਤ ਕੈਟੇਗਰੀ ਅਧੀਨ ਲਾਭ ਲੈਣਾ ਚਾਹੁੰਦੇ ਹਨ, ਉਹ ਉਪਰੋਕਤ ਕੈਟਾਗਿਰੀ ਦੇ ਨਾਲ ਸਬੰਧਤ ਦਸਤਾਵੇਜ਼ਾਂ (ਸਮੇਤ ਫੋਟੋ ਕਾਪੀ) ਮਿਤੀ 06.02.2024 ਨੂੰ ਨਾਲ ਲੈ ਕੇ ਆਉਣਗੇ। ਇਹਨਾਂ ਉਮੀਦਵਾਰਾਂ ਦੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਹੀ ਉਪਰੋਕਤ ਕੈਟਾਗਰੀ ਵਿੱਚ ਪਹਿਲ ਦੇ ਆਧਾਰ ਤੇ ਸਟੇਸ਼ਨ ਚੋਣ ਕਰਵਾਉਣ ਲਈ ਵਿਚਾਰ ਕੀਤਾ ਜਾਵੇਗਾ।

5.0 ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਨੋਟਿਸ ਜਾਰੀ ਕਰਨ ਨਾਲ ਉਪਰੋਕਤ ਕੈਟਾਗਰੀ ਦੇ ਉਮੀਦਵਾਰ ਦਾ ਪਹਿਲਾ ਸਟੇਸ਼ਨ ਲੈਣ ਦਾ ਹੱਕ ਨਹੀਂ ਬਣ ਜਾਂਦਾ। ਇਹਨਾਂ ਨੂੰ ਪਹਿਲ ਦੇ ਆਧਾਰ ਤੇ ਸਟੇਸ਼ਨ ਅਲਾਟ ਕਰਨ ਜਾਂ ਨਾ ਕਰਨ ਬਾਰੇ ਜੋ ਵੀ ਵਿਭਾਗ ਵੱਲੋਂ ਫੈਸਲਾ ਕੀਤਾ ਜਾਵੇਗਾ ਉਹ ਆਖਰੀ ਹੋਵੇਗਾ।

6.0 ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਿਸਚਿਤ ਮਿਤੀ ਅਤੇ ਸਥਾਨ ਤੇ ਸਮੇਂ ਸਿਰ ਪਹੁੰਚਣਾ ਯਕੀਨੀ ਬਣਾਇਆ ਜਾਵੇ।

**ਨੋਟ:- ਜੇਕਰ ਕੋਈ ਉਮੀਦਵਾਰ ਨਿਸਚਿਤ ਮਿਤੀ ਨੂੰ ਸਟੇਸ਼ਨ ਚੋਣ ਲਈ ਹਾਜ਼ਰ ਨਹੀਂ ਹੁੰਦਾ ਤਾਂ ਦਫਤਰ ਵੱਲੋਂ ਆਪਣੇ ਪੱਧਰ ਤੇ ਉਸਨੂੰ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ।**

2/2/24

**ਸੁਪਰਡੰਟ (ਦਫਤਰੀ ਅਮਲਾ)**

**ਦ: ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

**ਪੱਤਰ ਨੰ.:- ਈ-612647-ਦਅ(2)/202433472**

**ਮਿਤੀ: 02.02.2024**